# ਪਾਠ ਨਾਲ਼ ਸੰਬੰਧਿਤ ਨਮੂਨਾ ਪ੍ਰਸ਼ਨ

1. **ਗਤਕੇ ਦੀ ਸ਼ੁਰੂਆਤ ਕਿਸ ਗੁਰੂ ਸਾਹਿਬ ਜੀ ਦੇ ਸਮੇਂ ਤੋਂ ਹੋਈ?**

   ੳ) ਗੁਰੂ ਗੋਬਿੰਦ ਸਿੰਘ ਜੀ    ਅ) ਗੁਰੂ ਨਾਨਕ ਦੇਵ ਜੀ

   ੲ) ਗੁਰੂ ਹਰ ਗੋਬਿੰਦ ਸਾਹਿਬ ਜੀ    ਸ) ਗੁਰੂ ਹਰ ਕਿਸ਼ਨ ਸਾਹਿਬ ਜੀ

2. **ਪਹਿਲਾਂ ਗਤਕੇ ਦਾ ਵੱਡਾ ਕੇਂਦਰ ਕਿਹੜਾ ਸੀ?**

   ੳ) ਪਟਿਆਲ਼ਾ    ਅ) ਪਾਉਂਟਾ ਸਾਹਿਬ    ੲ) ਜਲੰਧਰ    ਸ) ਲੁਧਿਆਣਾ

3. **ਆਤਮ-ਸੁਰੱਖਿਆ ਕਾਰਨ ਕਿਹੜੀ ਖੇਡ ਹੋਂਦ ਵਿੱਚ ਆਈ?**

   ੳ) ਕਬੱਡੀ    ਅ) ਗਤਕਾ    ੲ) ਕੁਸ਼ਤੀ    ਸ) ਖੋ-ਖੋ

4. **ਗਤਕਾ ਕਿਸ ਦੀ ਹਰਮਨ ਪਿਆਰੀ ਖੇਡ ਹੈ?**

   ੳ) ਬੱਚਿਆਂ ਦੀ    ਅ) ਨਿਹੰਗ ਸਿੰਘਾਂ ਦੀ    ੲ) ਪਹਿਲਵਾਨਾਂ ਦੀ    ਸ) ਵਿਦਿਆਰਥੀਆਂ ਦੀ

5. **'ਖ਼ੁਤਕਾ' ਕਿਹੜੀ ਭਾਸ਼ਾ ਦਾ ਸ਼ਬਦ ਹੈ?**

   ੳ) ਉਰਦੂ    ਅ) ਫ਼ਾਰਸੀ    ੲ) ਅਰਬੀ    ਸ) ਪੰਜਾਬੀ

6. **ਗਤਕਾ ਖੇਡਣ ਸਮੇਂ ਕਿਹੜਾ ਹਥਿਆਰ ਵਰਤੋਂ ਵਿੱਚ ਨਹੀਂ ਲਿਆਇਆ ਜਾਂਦਾ?**

   ੳ) ਡੰਡਾ    ਅ) ਫਰੀ    ੲ) ਤਲਵਾਰ    ਸ) ਬੰਦੂਕ

7. **ਗਤਕੇ ਦਾ ਉਸਤਾਦ ਗਤਕਾ ਸਿਖਾਉਣ ਤੋਂ ਪਹਿਲਾਂ ਸਿਖਿਆਰਥੀ ਨੂੰ ਕੀ ਸਿੱਖਿਆ ਦਿੰਦਾ ਹੈ?**

   ੳ) ਗਤਕਾ ਹਮੇਸ਼ਾ ਤਕੜੇ ਨਾਲ਼ ਹੀ ਖੇਡਣਾ ਹੈ।    ਅ) ਸਾਦੀ ਅਤੇ ਸ਼ੁੱਧ ਖੁਰਾਕ ਖਾਣੀ ਹੈ।

   ੲ) ਨਿਤਾਣੇ ਅਤੇ ਬਜ਼ੁਰਗ ਉੱਤੇ ਵਾਰ ਕਰਨਾ ਹੈ।    ਸ) ਗਤਕਾ ਹਮੇਸ਼ਾ ਮਾੜੇ ਨਾਲ਼ ਹੀ ਖੇਡਣਾ ਹੈ।

8. **ਗਤਕੇ ਦੇ ਅਖਾੜੇ ਵਿੱਚ ਜਾਣ ਤੋਂ ਪਹਿਲਾਂ ਖਿਡਾਰੀ ਕਿਸ ਤਰ੍ਹਾਂ ਦੀ ਤਿਆਰੀ ਕਰਦਾ ਹੈ?**

   ੳ) ਖਿਡਾਰੀ ਬੂਟ-ਜੁਰਾਬਾਂ ਪਾਉਂਦਾ ਹੈ।    ਅ) ਖਿਡਾਰੀਆਂ ਦੁਆਰਾ ਜ਼ੁੱਸੇ ਗਰਮਾਏ ਜਾਂਦੇ ਹਨ।

   ੲ) ਖਿਡਾਰੀ ਆਪਸ ਵਿੱਚ ਮੁਕਾਬਲਾ ਕਰਦੇ ਹਨ।    ਸ) ਖਿਡਾਰੀ ਦੌੜਾਂ ਲਗਾਉਂਦੇ ਹਨ।

9. **ਅੱਜ-ਕੱਲ੍ਹ ਗਤਕੇ ਦੀ ਖੇਡ ਕਿੱਥੇ-ਕਿੱਥੇ ਖੇਡੀ ਜਾਂਦੀ ਹੈ?**

   ੳ) ਕੇਵਲ ਯੂਨੀਵਰਸਿਟੀਆਂ ਵਿੱਚ    ਅ) ਕੇਵਲ ਸਕੂਲਾਂ ਵਿੱਚ

   ੲ) ਨਗਰ ਕੀਰਤਨਾਂ ਅਤੇ ਖ਼ਾਸ ਖੇਡ ਸਮਾਗਮਾਂ ਵਿੱਚ    ਸ) ਕੇਵਲ ਅਖਾੜਿਆਂ ਵਿੱਚ

10. **ਗਤਕਾ ਕਿਹੜੀ ਖੇਡ ਦੀ ਸਿੱਖਿਆ ਦਾ ਪਹਿਲਾ ਪੜਾਅ ਹੈ?**

    ੳ) ਕੁਸ਼ਤੀ    ਅ) ਗਦਾ-ਯੁੱਧ    ੲ) ਫ਼ੈਂਸਿੰਗ    ਸ) ਫੁੱਟਬਾਲ

11. **ਕੁਸ਼ਤੀ ਵਾਂਗ ਗਤਕਾ ਖੇਡ ਵਿੱਚ ਵੀ..................ਚੱਲਦੀ ਹੈ।**

    ੳ) ਚਲਾਕੀ    ਅ) ਉਸਤਾਦੀ-ਸ਼ਗਿਰਦੀ    ੲ) ਹੁਸ਼ਿਆਰੀ    ਸ) ਤਿਆਰੀ

12. **ਉਸਤਾਦਾਂ ਦੇ ਆਪਣੇ..................ਹੁੰਦੇ ਹਨ।**

    ੳ) ਸਕੂਲ    ਅ) ਕਾਲਜ    ੲ) ਅਖਾੜੇ    ਸ) ਮੈਦਾਨ



Scanned with CamScanner

13. **ਉਸਤਾਦ ਕੁਝ ਰਸਮਾਂ ਕਰ ਕੇ ਬੱਚੇ ਨੂੰ.................ਬਣਾਉਂਦੇ ਹਨ।**

ੳ) ਸ਼ਗਿਰਦ ਅ) ਭੁਜੰਗੀ ੲ) ਨਿਹੰਗ ਸਿੰਘ ਸ) ਵੱਡਾ

14. **.................ਦੀ ਇਹ ਹਰਮਨ-ਪਿਆਰੀ ਖੇਡ ਹੈ।**

ੳ) ਬੱਚਿਆਂ ਅ) ਵੱਡਿਆਂ ੲ) ਨਿਹੰਗ ਸਿੰਘਾਂ ਸ) ਸਾਰਿਆਂ

15. **ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਆਮ ਨਾਂਵ ਹੈ?**

ੳ) ਮਹਾਰਾਜਾ ਰਣਜੀਤ ਸਿੰਘ ਅ) ਸੈਨਿਕ

ੲ) ਜਪਾਨ ਸ) ਭਾਰਤ

16. **ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਖ਼ਾਸ ਨਾਂਵ ਹੈ?**

ੳ) ਬੱਚੇ ਅ) ਭੁਜੰਗੀ ੲ) ਅਨੰਦਪੁਰ ਸਾਹਿਬ ਸ) ਸਕੂਲ

17. **ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਠੀਕ ਨਹੀਂ ਹੈ?**

ੳ) ਭੁਜੰਗੀ ਅ) ਭੂਗੋਲਕ ੲ) ਸਿਖਲਾਈ ਸ) ਸੈਨਿਕ

18. **ਗਤਕੇ ਵਿੱਚ ਵਰਤੇ ਜਾਂਦੇ ਡੰਡੇ ਦੀ ਲੰਬਾਈ ਕਿੰਨੀ ਹੁੰਦੀ ਹੈ?**

ੳ) ਸਾਢੇ ਚਾਰ ਹੱਥ ਅ) ਸਾਢੇ ਪੰਜ ਹੱਥ ੲ) ਸਾਢੇ ਤਿੰਨ ਹੱਥ ੲ) ਸਾਢੇ ਛੇ ਹੱਥ

19. **ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?**

ੳ) ਗਤਕਾ ਸਿੱਖਣ ਲਈ ਪਹਿਲਾਂ ਗਦਾ-ਯੁੱਧ ਦਾ ਮਾਹਰ ਬਣਨਾ ਪੈਂਦਾ ਹੈ।

ਅ) ਗਦਾ-ਯੁੱਧ ਦਾ ਮਾਹਰ ਬਣਨ ਲਈ ਪਹਿਲਾਂ ਗਤਕਾ ਸਿੱਖਣਾ ਪੈਂਦਾ ਹੈ।

ੲ) ਗਤਕਾ ਸਿੱਖਣ ਲਈ ਪਹਿਲਾਂ ਫ਼ੈਂਸਿੰਗ ਦਾ ਮਾਹਰ ਬਣਨਾ ਪੈਂਦਾ ਹੈ।

ਸ) ਗਤਕਾ ਸਿੱਖਣ ਲਈ ਪਹਿਲਾਂ ਖੇਡਣ ਵਿੱਚ ਮਾਹਰ ਬਣਨਾ ਪੈਂਦਾ ਹੈ।

20. **ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?**

ੳ) ਵਿੱਦਿਅਕ ਮੁਕਾਬਲਿਆਂ ਵਿੱਚ ਮੁੰਡੇ-ਕੁੜੀਆਂ ਦੇ ਅਲੱਗ-ਅਲੱਗ ਮੁਕਾਬਲੇ ਹੁੰਦੇ ਹਨ।

ਅ) ਵਿੱਦਿਅਕ ਮੁਕਾਬਲਿਆਂ ਵਿੱਚ ਮੁੰਡੇ-ਕੁੜੀਆਂ ਦੇ ਇਕੱਠੇ ਮੁਕਾਬਲੇ ਹੁੰਦੇ ਹਨ।

ੲ) ਵਿੱਦਿਅਕ ਮੁਕਾਬਲਿਆਂ ਵਿੱਚ ਸਿਰਫ ਮੁੰਡਿਆਂ ਦੇ ਮੁਕਾਬਲੇ ਹੁੰਦੇ ਹਨ।

ਸ) ਵਿੱਦਿਅਕ ਮੁਕਾਬਲਿਆਂ ਵਿੱਚ ਸਿਰਫ ਕੁੜੀਆਂ ਦੇ ਮੁਕਾਬਲੇ ਹੁੰਦੇ ਹਨ।

**ਅਧਿਆਪਕ ਪੂਰਾ ਅਧਿਆਇ ਕਰਵਾਉਣ ਤੋਂ ਬਾਅਦ ਦਿੱਤੀ ਵਰਕਸ਼ੀਟ ਬੱਚਿਆਂ ਨੂੰ ਕਰਵਾ ਕੇ ਦੇਖਣਗੇ ਕਿ ਕਿੰਨੇ ਬੱਚਿਆਂ ਨੇ ਸਿੱਖਣ ਨਤੀਜੇ ਪ੍ਰਾਪਤ ਕੀਤੇ ਹਨ।**




| ਪ੍ਰਤੀਸ਼ਤ | ਵਿਦਿਆਰਥੀਆਂ ਦੀ ਗਿਣਤੀ |
|---|---|
| 30% ਤੋਂ ਘੱਟ | |
| 30% - 80% ਤੱਕ | |
| 80% ਤੋਂ ਵੱਧ | |



Scanned with CamScanner